# Phone call between Prime Minister Shri Narendra Modi and H.E. Mr. Eduard Heger, Prime Minister of the Slovak Republic

February 28, 2022

## ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਸਲੋਵਾਕ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹੀਮ ਸ਼੍ਰੀ ਏਡੁਆਰਡ ਹੇਗਰ ਦੇ ਦਰਮਿਆਨ ਟੈਲੀਫੋਨ ਵਾਰਤਾ

ਪ੍ਰਧਾਨ ਮਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਸਲੋਵਾਕ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਏਡੁਆਰਡ ਹੇਗਰ ਦੇ ਨਾਲ ਟੈਲੀਫੋਨ ’ਤੇ ਗੱਲਬਾਤ ਕੀਤੀ|

ਪ੍ਰਧਾਨ ਮੰਤਰੀ ਨੇ ਯੂਕ੍ਰੇਨ ਤੋਂ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਦੇ ਵਾਸਤੇ ਭਾਰਤ ਤੋਂ ਵਿਸ਼ਿਸ਼ ਉਡਾਣਾਂ ਨੂੰ ਆਗਿਆ ਦੇਣ ਵਿੱਚ ਸਲੋਵਾਕ ਗਣਰਾਜ ਦੀ ਸਹਾਇਤਾ ਦੇ ਲਈ ਮਹਾਮਹਿਮ ਸ਼੍ਰੀ ਅਡੁਆਰਡ ਹੇਗਰ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਬੇਨਤੀ ਕੀਤੀ ਕਿ ਸਲੋਵਾਕ ਗਣਰਾਜ ਇਸੇ ਤਰ੍ਹਾਂ ਅਗਲੇ ਕੁਝ ਦਿਨਾਂ ਤੱਕ ਸਹਾਇਤਾ ਜਾਰੀ ਰੱਖੋ, ਤਾਕਿ ਭਾਰਤ ਸੰਘਰਸ਼ ਵਾਲੇ ਇਲਾਕਿਆਂ ਤੋਂ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢ ਸਕੇ|

ਪ੍ਰਧਾਨ ਮੰਤਰੀ ਨੇ ਸ਼੍ਰੀ ਹੇਗਰ ਨੂੰ ਇਹ ਵੀ ਦੱਸਿਆ ਕਿ ਭਾਰਤੀ ਨਾਗਰਿਕਾਂ ਨੂੰ ਬਾਹਰ ਕੱਢਣ ਦੇ ਪ੍ਰਯਤਨਾਂ ਦੀ ਦੇਖਰੇਖ ਕਰਨ ਦੇ ਲਈ ਕਾਨੂੰਨ ਅਤੇ ਨਿਆਂ ਮੰਤਰੀ ਸ਼੍ਰੀ ਕਿਰੇਨ ਰਿਜਿਜੂ ਨੂੰ ਉਹ ਆਪਣੇ ਵਿਸ਼ਿਸ਼ ਦੂਤ ਦੇ ਤੌਰ ’ਤੇ ਰਵਾਨਾ ਕਰ ਰਹੇ ਹਨ|

ਪ੍ਰਧਾਨ ਮੰਤਰੀ ਨੇ ਯੂਕ੍ਰੇਨ ਵਿੱਚ ਜਾਰੀ ਹਿੰਸਾ ਅਤੇ ਮਾਨਵੀ ਸੰਕਟ ’ਤੇ ਦੁਖ ਵੀ ਪ੍ਰਗਟਾਇਆ ਅਤੇ ਦੁਸ਼ਮਣੀ ਛੱਡ ਕੇ ਗੱਲਬਾਤ ਦੀ ਤਰਫ਼ ਪਰਤਣ ਦੀ ਭਾਰਤ ਦੀ ਦ੍ਰਿੜ੍ਹ ਅਪੀਲ ਨੂੰ ਦੁਹਰਾਇਆ। ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਾਂ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨ ਦੇ ਮਹੱਤਵ ’ਤੇ ਵੀ ਜ਼ੋਰ ਦਿੱਤਾ|

ਨਵੀ ਦਿੱਲੀ

28 ਫਰਵਰੀ, 2022

DISCLAIMER: This is an approximate translation. The original is available in English on MEA’s website and may be referred to as the official press release.